# ਆਈ. ਸੀ. ਏ. ਆਰ - ਭਾਰਤੀ ਖੇਤੀਬਾੜੀ ਖੋਜ ਸੰਸਥਾ

## ਨਰਮੇ-ਕਪਾਹ ਦੀ ਫ਼ਸਲ ਲਈ ( 13 ਤੋਂ 19 ਜੁਲਾਈ 2015) ਹਫਤੇ ਲਈ ਸਿਫਾਰਿਸ਼ਾਂ

(35ਵਾਂ ਸਟੈਂਡਰਡ ਹਫ਼ਤਾ )

''ਇਹ ਸਲਾਹਾਂ ਪ੍ਰਾਂਤਿਕ ਖੇਤੀਬਾੜੀ ਯੂਨੀਵਰਸਿਟੀਆਂ ਤੋਂ ਆਈਆਂ ਸਿਫਾਰਿਸ਼ਾਂ ਅਨੁਸਾਰ ਹਨ''

| ਮਿਤੀ | ਮੀਂਹ (ਮਿ.ਮੀ.) | | | | | | | ਸਲਾਹ |
|---|---|---|---|---|---|---|---|---|
| | ਜੁਲਾਈ - 15 | | | | | | | |
| | 13 | 14 | 15 | 16 | 17 | 18 | 19 | |
| ਪੰਜਾਬ | | | | | | | | 1. ਇਹਨਾਂ ਇਲਾਕਿਆਂ ਵਿੱਚ ਮੱਧਮ ਤੋ ਭਾਰੀ ਮੀਂਹ ਦੀ ਸੰਭਾਵਨਾ ਹੈ, ਇਸ ਲਈ ਕਿਸਾਨਾਂ ਨੂੰ ਇਸ ਦੌਰਾਨ ਪਾਣੀ ਨਾ ਲਗਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।<br>2. ਨਰਮੇ-ਕਪਾਹ ਦੀ ਨਵੀਂ ਉਗੀ ਫ਼ਸਲ, ਖੜੇ ਪਾਣੀ ਨੂੰ ਬਹੁਤ ਸੰਵੇਦਨਸ਼ੀਲ ਹੁੰਦੀ ਹੈ। ਇਸ ਲਈ ਵਾਧੂ ਪਾਣੀ ਨੂੰ ਨਰਮੇ-ਕਪਾਹ ਦੇ ਖੇਤ ਵਿਚੋਂ ਬਾਹਰ ਕੱਢ ਦਿਓ।<br>3. ਚਿੱਟੀ ਮੱਖੀ ਦੀ ਆਰਥਿਕ ਕਗਾਰ (6 ਬਾਲਗ 1 ਪੱਤਾ) ਰਿਕਾਰਡ ਕੀਤੀ ਗਈ ਹੈ।<br>4. ਬੱਦਲਵਾਈ ਅਤੇ ਵੱਧ ਤਾਪਮਾਨ ਹੋਣ ਕਰਕੇ ਝੁਲਸ ਰੋਗ ਦਾ ਹਮਲਾ ਹੋ ਸਕਦਾ ਹੈ।<br>5. ਪੱਤਿਆਂ ਦੇ ਭੂਰੇ ਧੱਬੇ, ਪੱਤੇ ਦੀਆਂ ਨਾੜ੍ਹਾਂ ਕੋ਼ਲ ਵੇਖੇ ਜਾ ਸਕਦੇ ਹਨ।<br>6. ਮੀਂਹ ਤੋਂ ਬਾਅਦ ਹੀ ਰੋ਼ਕਥਾਮ ਲਈ ਕੀਤੀਆਂ ਸਿਫ਼ਾਰਿਸ਼ਾਂ ਦਾ ਪ੍ਰਯੋਗ ਕਰੋ।<br>7. ਭਾਰੀ ਮੀਂਹ ਤੋਂ ਬਾਅਦ ਪੈਰਾਵਿਲਟ ਦਾ ਹਮਲਾ ਜੁਲਾਈ ਦੇ ਅਖੀਰਲੇ ਹਫ਼ਤੇ ਵਿੱਚ ਹੋ਼ ਸਕਦਾ ਹੈ। ਜਿਵੇਂ ਹੀ ਇਸ ਦੇ ਲੱਛਣ ਦਿਖਾਈ ਦੇਣ ਦਾ ਇਸ ਦੀ ਰੋ਼ਕਥਾਮ ਦੇ ਉਪਰਾਲੇ ਕਰੋ। |
| ਬਠਿੰਡਾ | 4 | 0 | 0 | 0 | 4 | 46 | 44 | |
| ਫਿਰੋਜ਼ਪੁਰ | 15 | 0 | 0 | 0 | 4 | 46 | 54 | |
| ਮੁਕਤਸਰ | 0 | 0 | 0 | 0 | 4 | 33 | 54 | |
| ਮਾਨਸਾ | 0 | 0 | 0 | 0 | 0 | 4 | 12 | |
| ਹਰਿਆਣਾ | | | | | | | | 8. ਇਸ ਤੋਂ ਇਲਾਵਾ ਹਰਿਆਣਾ ਪ੍ਰਾਂਤ ਵਿੱਚ ਠੂਠੀ ਰੋਗ ਦਾ ਹਮਲਾ ਵੀ ਹੋਇਆ ਹੈ। ਇਸ ਦੇ ਨਾਲ-ਨਾਲ ਪਹਿਲੇ ਪਾਣੀ ਤੋਂ ਬਾਅਦ ਜੜ੍ਹਾਂ ਦੇ ਗਲਣ ਦੀ ਸਮੱਸਿਆ ਵੀ ਆਈ ਹੈ। ਇਹਨਾਂ ਦੇ ਲੱਛਣ ਦਿਖਾਈ ਦੇਣ ਤੇ ਸਾਨੂੰ ਇਹਨਾਂ ਦੀ ਰੋਕਥਾਮ ਦੇ ਉਪਰਾਲੇ ਕਰਨੇ ਚਾਹੀਦੇ ਹਨ।<br>9. ਬੱਦਲਵਾਈ ਕਾਰਨ ਫੁੱਲ ਡੋਡੀ ਦੇ ਡਿੱਗਣ ਦੀ ਸਮੱਸਿਆ ਆਈ ਹੈ।<br>10. ਜਿਥੇ ਵੀ ਚਿੱਟੀ ਮੱਖੀ ਆਪਣੀ ਆਰਥਿਕ ਕਗਾਰ (6-8 ਬਾਲਗ 1 ਪੱਤਾ) ਪਾਰ ਕਰ ਚੁੱਕੀ ਹੈ, ਉਥੇ ਕਿਸਾਨ ਵੀਰਾਂ ਨੂੰ ਨਿੰਮ ਦਾ ਤੇਲ @ 1 ਲਿਟਰ ਪ੍ਰਤੀ ਏਕੜ ਸਪਰੇਅ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।<br>11. ਜੜ੍ਹਾਂ ਦੇ ਗਾਲੇ ਨੂੰ ਰੋਕਣ ਲਈ ਕਾਰਬੈਂਡਾਜ਼ਿਮ @ 1 ਗ੍ਰਾਮ ਪ੍ਰਤੀ ਲਿਟਰ ਪਾਣੀ ਵਿੱਚ ਮਿਲਾ ਕੇ ਮਿੱਟੀ ਵਿੱਚ ਗੜੁੱਚ ਕਰਨ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ।<br>12. ਬੱਦਲਵਾਈ ਤੇਲੇ ਦੀ ਗਿਣਤੀ ਵਧਾਉਣ ਲਈ ਬਹੁਤ ਹਿੱਤਕਾਰੀ ਹੈ, ਇਸ ਲਈ ਲਗਾਤਾਰ ਇਸ ਦਾ ਸਰਵੇਖਣ ਕਰਦੇ ਰਹੋ਼।<br>13. ਜਿਥੇ ਵੀ ਕਿਤੇ ਨਰਮੇ-ਕਪਾਹ ਦੀ ਫ਼ਸਲ ਤੇ ਫੁੱਲ/ਡੋ਼ਡੀ ਦੀ ਸ਼ੁਰੂਆਤ ਹੋ਼ਈ ਹੈ, ਉਥੇ ਕਿਸਾਨ ਵੀਰਾਂ ਨੂੰ ਐਨ.ਪੀ.ਕੇ. (13:0:45) @ 2 ਕਿਲੋ ਪ੍ਰਤੀ ਏਕੜ ਦੇ ਛਿੜਕਾਅ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ। ਇਸ ਸਪਰੇਅ ਨਾਲ ਫੁੱਲ ਡੋ਼ਡੀ ਦਾ ਡਿੱਗਣਾ ਰੋ਼ਕਿਆ ਜਾ ਸਕਦਾ ਹੈ।<br>14. ਕਿਸਾਨ ਵੀਰਾਂ ਨੂੰ ਕੀੜੇ-ਮਕੌੜੇ ਅਤੇ ਬਿਮਾਰੀਆਂ ਲਈ ਫ਼ਸਲ ਦਾ ਲਗਾਤਾਰ ਸਰਵੇਖਣ ਕਰਨ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ। |
| ਸਰਸਾ | 0 | 0 | 0 | 0 | 0 | 0 | 7 | |
| ਹਿਸਾਰ | 9 | 0 | 0 | 0 | 0 | 0 | 10 | |
| ਫਤਿਆਬਾਦ | 0 | 0 | 0 | 0 | 0 | 0 | 12 | |
| ਰਾਜਸਥਾਨ | | | | | | | | 15. ਰਾਜਸਥਾਨ ਵਿੱਚ ਹਫ਼ਤੇ ਦੇ ਆਖਿਰ ਤੇ ਬੱਦਲਵਾਈ ਅਤੇ ਨਾਲ ਹੀ ਮੱਧਮ ਮੀਂਹ ਦੀ ਸੰਭਾਵਨਾ ਹੈ। ਇਸ ਲਈ ਕਿਸਾਨ ਵੀਰਾਂ ਨੂੰ ਇੰਟਰਕਲਚਰ ਅਪਰੇਸ਼ਨ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਤਾਂ ਜੋ ਮਿੱਟੀ ਦੀ ਨਮੀ ਨੂੰ ਸੰਭਾਲਿਆ ਜਾ ਸਕੇ।<br>16. ਰਾਜਸਥਾਨ ਵਿੱਚ ਨਰਮੇ ਦੀ ਫ਼ਸਲ ਉਤੇ ਤੇਲੇ ਦਾ ਹਮਲਾ ਹੋਇਆ ਹੈ। ਇਸ ਤੋ ਇਲਾਵਾ ਜੇਕਰ ਕਿਸੇ ਇਲਾਕੇ ਵਿੱਚ ਜੜ੍ਹਾਂ ਦੇ ਗਲਣ ਅਤੇ ਪੈਰਾਵਿਲਟ ਦੇ ਲੱਛਣ ਦਿਖਾਈ ਦੇਣ ਤਾਂ ਉਹਨਾਂ ਦੀ ਰੋਕਥਾਮ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।<br>17. ਚਿੱਟੀ ਮੱਖੀ ਦੀ ਰੋਕਥਾਮ ਲਈ ਨਿੰਮ ਤੋਂ ਤਿਆਰ ਸਪਰੇਆਂ ਹੀ ਵਰਤੋਂ ਅਤੇ ਪਰਿਥਰਾਇਡ ਜਾਂ ਫਿਪਰੋਨਿਲ ਬਿਲਕੁਲ ਨਾ ਵਰਤੋ ਕਿਉਕਿ ਇਹਨਾਂ ਦੀ ਵਰਤੋਂ ਨਾਲ ਚਿੱਟੀ ਮੱਖੀ ਦੀ ਗਿਣਤੀ ਬਹੁਤ ਵੱਧ ਜਾਂਦੀ ਹੈ। |
| ਹਨੁਮਾਨਗੜ੍ਹ | 0 | 0 | 1 | 2 | 1 | 2 | 10 | |
| ਸ੍ਰੀ ਗੰਗਾਨਗਰ | 0 | 0 | 1 | 2 | 1 | 2 | 3 | |
| ਬਾਂਸਵਾੜਾ | 0 | 0 | 1 | 2 | 1 | 0 | 3 | |

ਇਹ ਸਿਫਾਰਿਸ਼ਾਂ ਸੀ. ਆਈ. ਸੀ. ਆਰ ਵੱਲੋ ਲਗਾਏ ਗਏ ਤਜਰਬਿਆਂ ਤੇ ਅਧਾਰਿਤ ਹਨ ਅਤੇ ਇਸ ਤੋ ਇਲਾਵਾ ਕਈ ਕੌਮੀ ਅਤੇ ਗ਼ਲੋਬਲ ਅਦਾਰਿਆਂ ਵਿੱਚ ਵਿਚਰ ਕੇ ਉਹਨਾਂ ਦੀ ਦਿਸ਼ਾ ਨਿਰਦੇਸ਼ ਨਾਲ ਕੀਤੀਆਂ ਗਈਆਂ ਹਨ।

ਚੰਗੀ ਫ਼ਸਲ ਲੈਣ ਦੇ ਆਮ ਨੁਕਤੇ

1) ਸਮੇ ਸਿਰ ਖਿੱੜਨ ਵਾਲੀਆਂ ਬੀ.ਟੀ. ਨਰਮੇ ਦੀਆਂ ਦੋਗਲੀਆਂ ਕਿਸਮਾਂ ਦੀ ਵਰਤੋ ਮੀਹ ਤੇ ਨਿਰਭਰ ਖੇਤਰਾਂ ਵਿੱਚ ਕਰੋ।

2) ਜਦੋਂ ਮੀਂਹ 80 ਮਿਲੀਮੀਟਰ ਪੈ ਜਾਵੇ ਤਾਂ ਮ਼ੀਹ ਤੇ ਨਿਰਭਰ ਇਲਾਕਿਆਂ ਵਿੱਚ ਨਰਮੇ-ਕਪਾਹ ਦੀ ਬਿਜਾਈ ਕਰ ਦੇਣੀ ਚਾਹੀਦੀ ਹੈ।

3) ਮੀਹ ਤੇ ਨਿਰਭਰ ਇਲਾਕਿਆਂ ਵਿੱਚ ਨਰਮੇ ਕਪਾਹ ਦੀ ਬਿਜਾਈ ਖਾਸ ਕਰਕੇ ਸੰਘਣੀ ਬਿਜਾਈ ਵੱਟਾਂ ਉਤੇ ਕਰਨ ਦੀ ਸਿਫ਼ਾਰਿਸ ਕੀਤੀ ਜਾਂਦੀ ਹੈ।

4) ਮੀਹ ਤੇ ਨਿਰਭਰ ਇਲਾਕਿਆਂ ਵਿੱਚ ਬੀ.ਟੀ. ਨਰਮੇ ਦੀਆਂ ਦੋਗਲੀਆਂ ਕਿਸਮਾਂ ਵਿੱਚ 90 x 30 ਸੈਃਮੀਃ ਦਾ ਫ਼ਾਸਲਾ ਹੋਣਾ ਚਾਹੀਦਾ ਹੈ ਅਤੇ ਸਿੰਚਾਈ ਵਾਲੇ ਖੇਤਾਂ ਵਿੱਚ ਇਹ ਹੋਰ ਵੀ ਵੱਧ ਹੋਣਾ ਚਾਹੀਦਾ ਹੈ।

5) ਨਾਨ ਬੀ.ਟੀ. ਕਿਸਮਾਂ (ਸੂਰਜ, ਐਨ੍ਹੱ.ਐਚੱ 615, ਏ.ਕੇ.ਐਚੱ 081, ਫੂਲੇ ਧਨਵੰਤਰੀ) ਅਗੇਤੀਆਂ ਖਿੜਲ ਵਾਲੀਆਂ ਹਨ। ਜੇਕਰ ਇਹਨਾਂ ਦੀ ਬਿਜਾਈ ਸੰਘਣੀ 60 x 10 ਸੈਃਮੀਃ (40 x 10 ਸੈਃਮੀਃ, ਫੂਲੇ ਧਨਵੰਤਰੀ ਲਈ) 15 ਜੂਨ ਤੋਂ ਪਹਿਲਾਂ ਕੀਤੀ ਜਾਵੇ ਤਾਂ ਇਹਨਾਂ ਨੂੰ ਸੋਕੇ ਅਤੇ ਸੁੰਡੀਆਂ ਤੋਂ ਬਚਾਇਆ ਜਾ ਸਕਦਾ ਹੈ।

6) ਨਾਨ-ਬੀ.ਟੀ.ਕਿਸਮਾਂ ਦੀ ਸੰਘਣੀ ਬਿਜਾਈ ਵਿੱਚ ਸੋਇਆਬੀਨ (ਬਰੈਡੀਰਾਈਜੋਬੀਅਮ ਜਪੋਨੀਕਮ ਨਾਲ ਬੀਜ ਸੋਧ ਕੇ)ਰੌਗੀ ਜਾਂ ਮਾਂਹ ਨੂੰ ਅਤਰ-ਫ਼ਸਲਾਂ ਦੇ ਤੋਰ ਤੇ 40 x 10 ਸੈਃਮੀਃ ਫਾਸਲੇ ਤੇ ਉਗਾਇਆ ਜਾ ਸਕਦਾ ਹੈ।

7) ਬੀ.ਟੀ. ਨਰਮੇ ਦੀਆਂ ਦੋ ਕਤਾਰਾਂ ਵਿੱਚ ਇੱਕ ਕਤਾਰ ਸੋਇਆਬੀਨ (ਬਰੈਡੀਰਾਈਜੋਬੀਅਮ ਜਪੋਨੀਕਮ ਨਾਲ ਬੀਜ ਸੋਧ ਕੇ), ਰੋਗੀ ਜਾਂ ਮਾਂਹ ਦੀ ਰਲਵੀਂ ਫ਼ਸਲ ਦੇ ਤੋਰ ਤੇ ਲਗਾਈ ਜਾ ਸਕਦੀ ਹੈ।

8) ਅਰਹਰ ਦੀਆਂ 2-3 ਕਤਾਰਾਂ ਨਰਮੇ ਦੇ ਖੇਤ ਦੇ ਆਲੇ-ਦੁਆਲੇ ਬੀਜਣ ਨਾਲ ਮੀਲੀਬੱਗ ਦਾ ਹਮਲਾ ਰੋਕਿਆ ਜਾ ਸਕਦਾ ਹੈ ਅਤੇ ਅਰਹਰ ਰਫਿਊਜੀਆ ਦਾ ਕੰਮ ਕਰਦੀ ਹੈ।

9) ਪਹਿਲੇ ਮੀਂਹ ਤੋਂ ਬਾਅਦ 5-10 ਟਨ/ਹੈਕਟੇਅਰ ਰੂੜ੍ਹੀ ਖੇਤਾਂ ਵਿੱਚ ਪਾਓ।

10) ਐਜੋਟੋਬੈਕਟਰ ਅਤੇ ਪੀ.ਐਸ.ਬੀ ਦੀ 25 ਗ੍ਰਾਮ/ਕਿਲੋ ਬੀਜ ਨਾਲ ਮਿਲਾਉਣ ਤੇ ਇਹ ਦੋਵੇ ਤੱਤਾਂ ਦੀ ਉਚਿਤ ਮਾਤਰਾ ਨੂੰ ਤੈਅ ਕਰਦੇ ਹਨ।

11) ਵੱਡੇ ਅਤੇ ਲਘੂ ਤੱਤਾਂ ਦਾ ਠੀਕ ਪ੍ਰਬੰਧਃ- ਮੈਗਨੀਸ਼ੀਅਮ ਸਲਫੇਟ, 2 ਪ੍ਰਤੀਸ਼ਤ ਯੂਰੀਆ ਅਤੇ ਬਾਅਦ ਵਿੱਚ 2 ਪ੍ਰਤੀਸ਼ਤ ਡੀ.ਏ.ਪੀ. ਛਿੜਕਾਅ ਨਾਲ ਸੁੰਡੀ ਦੀ ਰੋਕਥਾਮ ਵਾਲੇ ਜੀਨ ਦੀ ਸਮਰੱਥਾ ਵੱਧ ਜਾਂਦੀ ਹੈ ਅਤੇ ਫ਼ਸਲ ਵਿੱਚ ਪੱਤਿਆਂ ਤੇ ਲਾਲੀ ਦੀ ਸਮੱਸਿਆ ਵੀ ਨਹੀ ਆਉਂਦੀ। 1% ਕੋਬਾਲਟ ਕਲੋਰਾਈਡ ਦਾ ਪੱਤਿਆਂ ਤੇ ਛਿੜਕਾਅ ਅਤੇ 1% ਬਵਿਸਟਨ ਦੀ ਮਿੱਟੀ ਵਿੱਚ ਗੜੁੱਚ ਕਰਨ ਨਾਲ ਕਮਲਾਏ ਹੋਏ ਬੂਟਿਆਂ ਨੂੰ ਠੀਕ ਕੀਤਾ ਜਾ ਸਕਦਾ ਹੈ।

12) ਪੱਤਿਆਂ ਦੀ ਲਾਲੀ ਦੀ ਰੋਕਥਾਮ :- 2% ਯੂਰੀਆ, 0.5% ਜ਼ਿੰਕ ਸਲਫੇਟ ਅਤੇ 0.2% ਬੋਰੋਨ ਦਾ ਛਿੜਕਾਅ 90 ਦਿਨਾਂ ਦੀ ਫ਼ਸਲ ਤੇ 15 ਦਿਨਾਂ ਦੇ ਵਕਫ਼ੇ ਤੇ ਕਰੋ।

13) ਫੁੱਲ ਡੋਡੀ ਦੇ ਝੜਨ ਤੋਂ ਬਚਾਅ 7 ਮਿਲੀਲਿਟਰ ਪਲੈਨੋਫਿਕਸ 4.5 SL (NAA) 15 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਨਾਲ ਫੁੱਲ ਡੋਡੀ ਨੂੰ ਝੜਨ ਤੋਂ ਬਚਾਇਆ ਜਾ ਸਕਦਾ ਹੈ।

ਕੀੜੇ-ਮਕੌੜਿਆਂ ਦੀ ਰੋਕਥਾਮ (ਆਮ ਸਿਫ਼ਾਰਿਸ਼ਾਂ)

ਇਵੇਂ ਕਰੋ:

1) ਰਸ ਚੂਸਣ ਵਾਲੇ ਕੀੜਿਆਂ ਨੂੰ ਸ਼ਹਿਣਸ਼ੀਲ ਕਿਸਮਾਂ ਅਤੇ ਬੀ.ਟੀ.ਨਰਮੇ ਦੀਆਂ ਦੋਗਲੀਆਂ ਕਿਸਮਾਂ ਦੀ ਚੋਣ ਕਰੋ ਕਿਉਕਿ ਇਹਨਾਂ ਤੇ ਬਹੁਤ ਘੱਟ ਕੀਟਨਾਸ਼ਕ ਸਪਰੇਅ ਕਰਨ ਦੀ ਲੋੜ ਪੈਂਦੀ ਹੈ।

2) ਨਰਮੇ-ਕਪਾਹ ਵਿੱਚ ਰੋਗੀ ਜਾਂ ਜਵਾਰ ਜਾਂ ਸੋਇਆਬੀਨ ਦੀ ਰਲਵੀ ਫ਼ਸਲ ਲਗਾਉਣ ਨਾਲ ਰਸ ਚੂਸਣ ਵਾਲੇ ਕੀੜਿਆਂ ਦੇ ਪ੍ਰਭਕਸ਼ੀਆਂ ਦੀ ਗਿਣਤੀ ਵੱਧਦੀ ਹੈ।

3) ਇਮੀਡਾਕਲੋਪਰਿਡ (8 ਗ੍ਰਾਮ), ਵੀਟਾਵੈਕਸ ਜਾਂ ਥੀਰਮ (3 ਗ੍ਰਾਮ) ਪ੍ਰਤੀ ਕਿਲੋ ਨਾਲ ਸੋਧਣ ਤੇ ਰਸ ਚੂਸਣ ਵਾਲੇ ਕੀੜੇ ਅਤੇ ਬਿਮਾਰੀਆਂ ਦੀ ਰੋਕਥਾਮ ਹੁੰਦੀ ਹੈ।

4) ਨਾਈਟ੍ਰੋਜਨ ਖਾਦਾਂ ਦੀ ਘੱਟ ਵਰਤੋਂ ਕਰਕੇ ਰਸ ਚੂਸਣ ਵਾਲੇ ਕੀੜਿਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

5) ਨਦੀਨਾਂ ਦੀ ਰੋਕਥਾਮ ਅਤੇ ਆਲਾ-ਦੁਆਲਾ ਸਾਫ਼ ਰੱਖੋ ।

6) ਮੀਲੀਬੱਗ ਵਾਲੇ ਪੌਦਿਆਂ ਨੂੰ ਨਸ਼ਟ ਕਰ ਦਿਓ ।

7) ਨਿੰਮ ਤੋ ਬਣੇ ਕੀਟਨਾਸ਼ਕ ਅਤੇ ਪ੍ਰਭਕਸ਼ੀ ਰੋਕਥਾਮ ਯੋਜਨਾ ਨੂੰ ਅਪਣਾਉਣ ਨਾਲ ਕੀੜਿਆਂ ਦੀ ਸੁਚੱਜੀ ਰੋਕਥਾਮ ਹੋ ਜਾਂਦੀ ਹੈ।

8) ਗੁਲਾਬੀ ਸੁੰਡੀ ਦਾ ਸਰਵੇਖਣ ਫੀਰੋਮੋਨ ਟਰੈਪ ਨਾਲ ਚੰਗੀ ਤਰ੍ਹਾਂ ਕੀਤਾ ਜਾ ਸਕਦਾ ਹੈ।

9) ਜੜ੍ਹਾਂ ਜਾਂ ਮਿੱਟੀ ਵਿੱਚ ਇਮੀਡਾਕਲੋਪਰਿਡ, ਡਾਈਮੈਥੋਏਟ ਜਾਂ ਐਸੀਫੇਟ ਦੀ 30-40 ਦਿਨਾਂ ਅਤੇ 50-60 ਦਿਨਾਂ ਤੋਂ ਬਾਅਦ ਪਾਉਣ ਨਾਲ ਜੂੰ, ਮੀਰਡ ਬੱਗ, ਮੀਲੀਬੱਗ ਅਤੇ ਹੋਰ ਰਸ ਚੂਸਣ ਵਾਲੇ ਕੀੜਿਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

ਇਵੇਂ ਨਾ ਕਰੋ:

10) ਦੱਖਣੀ ਭਾਰਤ ਵਿੱਚ ਨਰਮੇ-ਕਪਾਹ ਦੀ ਬਿਜਾਈ 15 ਜੁਲਾਈ ਤੋਂ ਬਾਅਦ ਨਹੀਂ ਕਰਨੀ ਚਾਹੀਦੀ ਹੈ।ਇਸ ਨਾਲ ਠੂਠੀ ਰੋ ਤੋ ਬਚਿਆ ਜਾ ਸਕਦਾ ਹੈ।

11) ਜੇ ਹੋ ਸਕੇ, ਫ਼ਸਲ ਵਿੱਚ ਪਹਿਲੇ ਦੋ ਮਹੀਨੇ ਕੋਈ ਵੀ ਕੀਟਨਾਸ਼ਕ ਦੀ ਸਪਰੇਅ ਨਾ ਕਰੋ। ਇਸ ਨਾਲ ਮਿੱਤਰ ਕੀੜਿਆਂ ਨੂੰ ਬਚਾਇਆ ਅਤੇ ਵਧਾਇਆ ਜਾ ਸਕਦਾ ਹੈ। ਚੇਪਾ, ਤੇਲਾ, ਜੂੰ, ਮੀਰਡ, ਚਿੱਟੀ ਮੱਖੀ ਅਤੇ ਮੀਲੀਬੱਗ ਲਈ ਲਾਲ ਸੁੰਡੀ, ਹਰਾ ਘੋੜਾ, ਸੀਰਫ਼ਡ ਮੱਖੀ, ਜੀਓਕੋਰਿਸ ਭੂੰਡੀ, ਆਨੀਸ਼ੀਅਸ਼ ਜਾਤੀ, ਐਫੀਲਾਈਨਸ਼, ਮੀਰੀਡ ਬੱਗ ਅਤੇ ਮੱਕੜੀ ਬਹੁਤ ਹੀ ਵਧੀਆ ਪ੍ਰਭਕਸ਼ੀ ਹਨ।

12) ਘੱਟ ਨੁਕਸਾਨ ਕਰਨ ਵਾਲੇ ਪਤੰਗੇ ਜਿਵੇਂ ਕਿ ਪੱਤਾ ਲਪੇਟ ਸੁੰਡੀ ਅਤੇ ਕੁੰਡਮਾਰ ਸੁੰਡੀ ਲਈ ਕੋਈ ਵੀ ਸਪਰੇਅ ਨਾ ਕਰੋ, ਕਿਉਕਿ ਇਹ ਕੀੜੇ ਬਹੁਤ ਹੀ ਘੱਟ ਨੁਕਸਾਨ ਪਹੁੰਚਾਂਦੇ ਹਨ। ਇਹ ਕੀੜੇ ਪ੍ਰਜੀਵੀਆਂ (ਟ੍ਰਾਈਕੋਗਰਾਮਾ, ਐਪਟਲੀਜ਼ ਅਤੇ ਸੀਮੀਰੋਪਾ) ਦੀ ਗਿਣਤੀ ਵਧਾਉਣ ਵਿੱਚ ਸਹਾਇਤਾ ਕਰਦੇ ਹਨ ਅਤੇ ਫਿਰ ਇਹ ਪ੍ਰਜੀਵੀ ਅਮਰੀਕਨ ਸੁੰਡੀ ਅਤੇ ਹੋਰ ਸੁੰਡੀਆਂ ਦੀ ਰੋਕਥਾਮ ਕਰਦੇ ਹਨ।

13) ਬੀ.ਟੀ. ਕੀਟਨਾਂਸ਼ਕ ਬੀ.ਟੀ. ਨਰਮੇ ਤੇ ਨਾ ਕਰੋ।

14) ਨਿਉਨਕੋਟਿਨੋਆਇਡ ਕੀਟਨਾਸ਼ਕ (ਐਸੀਟਾਮਪਰਿਡ, ਇਮੀਡਾਕਲੋਪਰਿਡ, ਕਲੋਥਾਈਨੀਡਿਨ ਅਤੇ ਥਾਇਆਮੀਥਾਕਸਮ) ਦੀ ਵਰਤੋਂ ਨਾ ਕਰੋ ਕਿਉਕਿ ਇਸ ਨਾਲ ਕੀੜਿਆਂ ਵਿੱਚ ਜ਼ਹਿਰ ਪ੍ਰਤੀ ਸ਼ਹਿਣਸ਼ੀਲਤਾ ਆ ਸਕਦੀ ਹੈ।

15) ਵਿਸ਼ਵ ਸਿਹਤ ਸੰਗਠਨ ਕਲਾਸ-1 ਵਾਲੇ ਕੀਟਨਾਸ਼ਕ (ਫਾਸਫੋਮੀਡਾਨ, ਮੀਥਾਆਇਲ ਪੈਰਾਥੀਓਨ, ਫੋਰੇਟ, ਮੋਨੋਕਰੋਟੋਫਾਸ਼, ਡਾਈਕਲੋਰੋਵਾਸ, ਕਾਰਬੋਫੁਰਾਨ, ਮੀਥੋਮਾਇਲ, ਟ੍ਰਾਈਜੋਫਾਸ ਅਤੇ ਮੈਟਾਸੈਸਟੋਕਸ) ਦੀ ਵਰਤੋਂ ਨਾ ਕਰੋ।

16) ਚਿੱਟੀ ਮੱਖੀ ਦੀ ਰੋਕਥਾਮ ਲਈ ਫੀਪਰੋਨਿਲ ਅਤੇ ਪਰਿਥਰਾਇਡ ਨਾ ਵਰਤੋ।

17) ਕੀਟਨਾਸ਼ਕਾਂ ਨੂੰ ਮਿਲਾ ਕੇ ਨਾ ਵਰਤੋ ਕਿਉਕਿ ਕੀਟਨਾਸ਼ਕਾਂ ਦਾ ਮਿਸ਼ਰਣ ਵਾਤਾਵਰਣ ਨੂੰ ਖਰਾਬ ਕਰਦਾ ਹੈ ਅਤੇ ਕੀੜਿਆਂ ਦੇ ਸੁਰੂਆਤੀ ਹਮਲੇ ਨੂੰ ਬੁਲਾਵਾ ਦਿੰਦਾ ਹੈ ।

ਰਸ ਚੂਸਣ ਵਾਲੇ ਕੀੜਿਆਂ ਦੀ ਰੋਕਥਾਮ

ਆਰਥਿਕ ਕਗਾਰ (ਈ.ਟੀ.ਐਲ):- ਜੇਕਰ ਚਿੱਟੀ ਮੱਖੀ/ਤੇਲੇ ਦੇ ਨੁਕਸਾਨ ਦੀ ਆਰਥਿਕ ਕਗਾਰ (ਗਰੇਡ-II ਹੇਠਲੇ ਪੱਤਿਆਂ ਦਾ ਚੁਰੜ ਮੁਰੜ ਜਾਣਾ ਅਤੇ 25 ਪ੍ਰਤੀਸ਼ਤ ਪੌਦਿਆਂ ਦੇ ਕੋਨਿਆਂ ਦੇ ਪੱਤੇ ਪੀਲੇ ਹੋ ਜਾਣੇ) ਆ ਜਾਵੇ ਤਾਂ ਹੇਠ ਲਿਖੇ ਰੋਕਥਾਮ ਦੇ ਨੁਕਤੇ ਵਰਤੋ:

ੳ) ਨਿੰਮ ਤੇਲ 1.0 ਪ੍ਰਤੀਸ਼ਤ + ਨਿੰਮ ਦੇ ਬੀਜ ਦਾ ਅਰਕ 5.0 ਪ੍ਰਤੀਸ਼ਤ + 0.05-0.1 ਪ੍ਰਤੀਸ਼ਤ ਡਿਟਰਜੈਟ
ਅ) ਵਰਟੀਸ਼ੀਲੀਅਮ ਲੋਕਾਨੀ 10 ਗ੍ਰਾਮ ਪ੍ਰਤੀ ਲਿਟਰ ਪਾਣੀ ਵਿੱਚ ਮਿਲਾ ਕੇ ਵਰਤੋਂ
ੲ) ਡਾਇਆਫੈਨਥੂਯੂਰੋਨ 50 WP@ 800 ਗ੍ਰਾਮ ਏ.ਆਈ. ਪ੍ਰਤੀ ਹੈਕਟੇਅਰ
ਸ) ਫਲੋਨਿਕਾਮਿਡ 50 WG@ 200 ਗ੍ਰਾਮ ਏ.ਆਈ. ਪ੍ਰਤੀ ਹੈਕਟੇਅਰ
ਹ) ਬੂਪਰੋਫੈਜ਼ਿਨ 25SC@ 200 ਗ੍ਰਾਮ ਏ.ਆਈ. ਪ੍ਰਤੀ ਹੈਕਟੇਅਰ

ਇਹਨਾਂ ਕੀਟਨਾਸ਼ਕਾਂ ਤੋਂ ਇਲਾਵਾ ਡਾਈਮੈਥੋਏਟ ਜਾਂ ਐਸੀਫੇਟ ਜਾਂ ਈਥੀਆਨ ਵੀ ਅਦਲ ਬਦਲ ਕੇ ਕੀਤੇ ਜਾ ਸਕਦੇ ਹਨ।

ਜੇਕਰ ਮੀਰਡ ਬੱਗ ਫੁੱਲ ਡੋਡੀ ਨੂੰ ਆਰਥਿਕ ਨੁਕਸਾਨ ਪਹੁੰਚਾਂਦੀ ਹੈ ਤਾਂ ਐਸੀਫੇਟ 75 SP ਜਾਂ ਡਾਈਮੈਥੋਏਟ @ 1 ਮਿ:ਲਿ: ਪ੍ਰਤੀ ਲਿਟਰ ਪਾਣੀ ਵਿੱਚ ਮਿਲਾ ਕੇ ਵਰਤੋਂ ।

ਸੁੰਡੀਆਂ ਦੀ ਰੋਕਥਾਮ:-

ਬੀ.ਟੀ. ਨਰਮਾ ਸੁੰਡੀਆਂ ਨੂੰ ਰੋਕਣ ਦੀ ਸਮਰੱਥਾ ਰੱਖਦਾ ਹੈ।

ਨਾਨ ਬੀ.ਟੀ. ਤੇ ਸੁੰਡੀਆਂ ਦੀ ਰੋਕਥਾਮ ਲਈ ਸਿਫ਼ਾਰਿਸ਼ਾਂ:

ਅਮਰੀਕਣ ਸੁੰਡੀ:- ਜੇਕਰ ਖੇਤ ਵਿੱਚ 50 ਪ੍ਰਤੀਸ਼ਤ ਬੂਟਿਆਂ ਤੇ ਅਮਰੀਕਣ ਸੁੰਡੀ ਦਾ ਹਮਲਾ ਹੋਵੇ ਤਾਂ ਇਹ ਇਸ ਦੀ ਆਰਥਿਕ ਕਗਾਰ ਹੁੰਦੀ ਹੈ। ਇਸ ਦੀ ਰੋਕਥਾਮ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ।

1) HaNPV ਦੀ ਵਰਤੋਂ ਕਰੋ ਅਤੇ ਇਸ ਤੋਂ ਬਾਅਦ 5 ਪ੍ਰਤੀਸ਼ਤ NSKE ਦਾ ਛਿੜਕਾਅ ਇੱਕ ਹਫ਼ਤੇ ਦੇ ਵਕਫ਼ੇ ਤੇ ਕਰੋ ਜਾਂ ਫੋਸ਼ਾਲੋਨ ਦੀ ਵਰਤੋਂ ਸੁੰਡੀਆਂ ਦੇ ਹਮਲੇ ਜਾਂ ਚਿੱਟੀ ਮੱਖੀ ਦੀ ਰੋਕਥਾਮ ਲਈ ਆਰਥਿਕ ਕਗਾਰ ਤੇ ਹੀ ਕਰੋ।

2) ਬਿਜਾਈ ਤੋਂ 70-80 ਦਿਨਾਂ ਬਾਅਦ ਟਰਾਈਕੋਗ੍ਰਾਮਾ ਕਾਰਡ ਨਾਨ ਬੀ.ਟੀ. ਨਰਮੇ-ਕਪਾਹ ਤੇ ਵਰਤੋਂ । ਟਰਾਈਕੋਗ੍ਰਾਮਾ ਆਂਡੇ ਬੀ.ਟੀ. ਨਰਮੇ ਉਤੇ ਨਾ ਵਰਤੋਂ ਕਿਉਕਿ ਬੀ.ਟੀ. ਨਰਮਾ ਛੋਟੀਆਂ ਸੁੰਡੀਆਂ ਨੂੰ ਮਾਰਨ ਦੀ ਸਮਰੱਥਾ ਰੱਖਦਾ ਹੈ।

3) ਹੇਠ ਲਿਖੇ ਕੀਟਨਾਸ਼ਕਾ ਦੀ ਵਰਤੋਂ ਅਮਰੀਕਣ ਸੁੰਡੀ ਦੀ ਰੋਕਥਾਮ ਲਈ ਕਰੋ।

ੳ) ਕਲੋਰਨਟਰਪਾਨੀਲੀਪਰੋਲ (ਕੋਰਾਜ਼ਿਨ)
ਅ) ਫਲੂਬੈਂਡੀਆਮਾਈਡ (ਫੇਮ)
ੲ) ਸਪਾਈਨੋਸੈਡ

ਸ) ਐਮਾਮੈਕਟਿਨ ਬੈਨਜ਼ੋਏਟ

ਹ) ਇੰਡੋਕਸਾਕਾਰਬ

ਇਹ ਕੀਟਨਾਸ਼ਕ ਮਿੱਤਰ ਕੀੜਿਆਂ ਦਾ ਨੁਕਸਾਨ ਬਹੁਤ ਘੱਟ ਕਰਦੇ ਹਨ ਅਤੇ ਅਮਰੀਕਣ ਸੁੰਡੀ ਦੀ ਰੋਕਥਾਮ ਬਹੁਤ ਚੰਗੀ ਤਰ੍ਹਾਂ ਕਰਦੇ ਹਨ।

4) ਗੁਲਾਬੀ ਸੁੰਡੀ ਅਤੇ ਚਿਤਕਬਰੀ ਸੁੰਡੀ:- ਜੇਕਰ ਇੱਕ ਸੁੰਡੀ/ਦਸ ਹਰੇ ਟੀਡੇ ਜਾਂ 8 ਬਾਲਗ ਪਤੰਗੇ ਹਰ ਰਾਤ, ਤਿੰਨ ਲਗਾਤਾਰ ਰਾਤਾਂ ਲਈ ਮਿਲਣ ਤਾਂ ਇਹ ਇਹਨਾਂ ਦੀ ਆਰਥਿਕ ਕਗਾਰ ਹੈ। ਇਹਨਾਂ ਸੁੰਡੀਆਂ ਦੀ ਰੋਕਥਾਮ ਲਈ ਕੁਇਨਲਫਾਸ 25EC /ਪ੍ਰੋਫੈਨੋਫਾਸ 50EC@ 2 ਮਿਲੀਲੀਟਰ ਪ੍ਰਤੀ ਲਿਟਰ ਪਾਣੀ ਜਾਂ ਥਾਇਓਡੀਕਾਰਬ 75%WP@ 20 ਗ੍ਰਾਮ ਜਾਂ ਕਿਸੇ ਵੀ ਪਰਿਥਰਾਇਡ ਦੀ ਸਪਰੇਅ ਕਰੋ।

ਹੋਰ ਕੀੜੇ-ਮਕੌੜੇ

1) ਤੰਬਾਕੂ ਦੀ ਸੁੰਡੀ:-ਇਹ ਸੁੰਡੀ ਝੁੰਡਾਂ ਵਿੱਚ ਆਂਡੇ ਦਿੰਦੀ ਹੈ। ਇਸ ਦੀ ਰੋਕਥਾਮ ਲਈ ਆਂਡਿਆਂ ਨੂੰ ਇਕੱਠੇ ਕਰਕੇ ਨਸ਼ਟ ਕਰ ਦਿਓ। ਇਸ ਦੀ ਰੋਕਥਾਮ ਲਈ SlNPV@ 500-LE/ਹੈਕਟੇਅਰ ਜਾਂ ਰੀਮੋਨ 10 EC@ 200 ਮਿਲੀਲਿਟਰ ਜਾਂ ਲਾਰਵਿਨ 75WP@ 250 ਗ੍ਰਾਮ, 250 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

2) ਜੜ੍ਹ ਦੀ ਭੂੰਡੀ ਦੇ ਨਾਕਸਾਨ ਤੋਂ ਬਚਨ ਲਈ ਪ੍ਰੋਫੈਨੋਫਾਸ @ 2 ਮਿਲੀਲੀਟਰ ਪ੍ਰਤੀ ਲਿਟਰ ਪਾਣੀ ਵਿੱਚ ਪਾ ਕੇ ਛਿੜਕਾਅ ਕਰੋ।

3) ਜਿਥੇ ਭਾਰੀ ਮੀਂਹ ਪਿਆ ਹੋਵੇ ਉਥੇ ਘੋਗਿਆਂ ਦੇ ਨੁਕਸਾਨ ਤੋਂ ਬਚਣ ਲਈ 2% ਮੈਟਏਲਡੀਹਾਈਡ @ 12.5ਕਿਲੋ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਛਿੜਕਾਅ ਕਰੋ। ਇਸ ਕੀਟਨਾਸ਼ਕ ਦੀ ਵਰਤੋਂ ਵੱਟਾਂ, ਖੇਤਾ ਦੇ ਆਲੇ-ਦੁਆਲੇ ਜਾਂ ਜਿਥੇ ਨੁਕਸਾਨ ਹੋਵੇ ਉਥੇ ਹੀ ਕਰੋ।

ਬਿਮਾਰੀਆਂ ਦੀ ਰੋਕਥਾਮ

1) ਪੈਰਾਵਿਲਟ/ਕਮਲਾਉਣਾ/ਜੜ੍ਹਾਂ ਦਾ ਗਲਣਾ:- ਇਹ ਬਿਮਾਰੀਆਂ ਔੜ ਤੋਂ ਬਾਅਦ ਭਾਰੀ ਮੀਂਹ ਜਾਂ ਸਿੰਚਾਈ ਦੇਣ ਨਾਲ ਆ ਜਾਂਦੀਆਂ ਹਨ। ਇਨ੍ਹਾਂ ਦੀ ਰੋਕਥਾਮ ਲਈ ਕੋਬਾਲਟ ਕਲੋਰਾਈਡ @ 10 ਮਿਲੀ ਗ੍ਰਾਮ/ਲਿਟਰ (10 ppm) ਦੀ ਵਰਤੋਂ ਬਿਮਾਰੀ ਵਾਲੇ ਬੂਟੇ ਅਤੇ ਬਿਮਾਰੀਆਂ ਦੇ ਲੱਛਣ ਆਉਣ ਦੇ ਕੁਝ ਘੰਟਿਆਂ ਵਿੱਚ ਹੀ ਕਰੋ ਜਾਂ ਕਾਪਰ ਆਕਸੀਕਲੋਰਾਈਡ 25 ਗ੍ਰਾਮ ਅਤੇ 200 ਗ੍ਰਾਮ ਯੂਰੀਆਂ 10 ਲਿਟਰ ਪਾਣੀ ਵਿੱਚ ਘੋਲ ਕੇ ਵਰਤੋਂ ਜਾਂ ਕਾਰਬੈਂਡਾਜਿਮ 1 ਗ੍ਰਾਮ ਪ੍ਰਤੀ ਲਿਟਰ ਪਾਣੀ ਦੀ ਵਰਤੋਂ ਕਰੋ।

2) ਟੀਡੇਂ ਦਾ ਗਲਣਾ:- ਬੱਦਲਵਾਈ ਅਤੇ ਹਲਕੀ ਮੀਂਹ ਤੋਂ ਬਾਅਦ ਟੀਡੇਂ ਗਲਣੇ ਸੁਰੂ ਹੋ ਜਾਂਦੇ ਹਨ ਅਤੇ ਸਭ ਤੋ ਪਹਿਲਾਂ ਪੁਰਾਣੇ ਟੀਡੇਂ ਹੀ ਗਲਦੇ ਹਨ। ਇਸ ਦੀ ਰੋਕਥਾਮ ਲਈ 2 ਗ੍ਰਾਮ ਮੈਨਕੋਜੇਬ 75WP+ਕਲੋਰੋਥੈਲੋਨਿਲ 70WP@ 2 ਗ੍ਰਾਮ ਦਾ ਮਿਸ਼ਰਣ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਵਰਤੋਂ। ਚੰਗੀ ਰੋਕਥਾਮ ਲਈ ਉਪੱਰ ਦਿੱਤੇ ਮਿਸ਼ਰਣ ਵਿੱਚ 10 ਗ੍ਰਾਮ ਸੈਲਵੈਟ 99 ਜਾਂ 50 ਮਿ:ਲਿ: ਟਰਾਈਟਨ 100 ਲਿਟਰ ਪਾਣੀ ਵਿੱਚ ਮਿਲਾਓ।

3) ਝੁਲਸ ਰੋਗ:- ਇਸ ਦੀ ਰੋਕਥਾਮ ਲਈ ਮੈਨਕੋਜੈਬ 75WP@ 2.5 ਗ੍ਰਾਮ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰੋ।

4) ਪੱਤਿਆਂ ਦੇ ਧੱਬੇ ਅਤੇ ਹੋਰ ਝੁਲਸ ਰੋਗ:- ਇਹਨਾਂ ਦੀ ਰੋਕਥਾਮ ਲਈ ਸਟਰੈਪਟੋਸਾਈਕਲੀਨ ਸਲਫ਼ੇਟ (15-20 ਗ੍ਰਾਮ ਪ੍ਰਤੀ ਹੈਕਟੇਅਰ + ਕਾਪਰ ਆਕਸੀਕਲੋਰਾਈਡ (1500-2000 ਗ੍ਰਾਮ ਪ੍ਰਤੀ ਹੈਕਟੇਅਰ ਨੂੰ 200-250 ਲਿਟਰ ਪਾਣੀ ਵਿੱਚ ਪਾ ਕੇ ਛਿੜਕਾਅ ਕਰੋ।

ਨਦੀਨਾਂ ਦੀ ਰੋਕਥਾਮ:-

ਸਟੌਂਪ 30 ਈ.ਸੀ ਜਾਂ ਬਾਸਾਲਿਨ 45 ਈ.ਸੀ.' 2.5 ਲਿਟਰ/ਹੈਕਟੇਅਰ ਦੀ ਸਪਰੇਅ ਬਿਜਾਈ ਤੋਂ ਪਹਿਲਾਂ ਕਰੋ ਅਤੇ ਇਸ ਤੋਂ ਬਾਅਦ ਹੱਲ ਨਾਲ ਮਿੱਟੀ ਵਿੱਚ ਮਿਲਾ ਦਿਓ।
ਨਦੀਨਨਾਸ਼ਕ ਨਵੇਂ ਨਦੀਨਾਂ ਦੀ ਚੰਗੀ ਰੋਕਥਾਮ ਕਰਦੇ ਹਨ। ਉਘੇ ਹੋਏ ਨਦੀਨਾਂ ਲਈ ਨਦੀਨਨਾਸ਼ਕ (ਮਾਤਰਾ 50 ਤੋਂ 75 ਗ੍ਰਾਮ ਏ.ਆਈ ਹੈਕਟੇਅਰ)

1) ਘਾਹ ਨਦੀਨ:- ਕਿਉਜਇਲਾਫੋਪ ਇਥਾਇਲ ਜਾਂ ਫੀਨੋਕਸਾਪ੍ਰੋਪ ਇਥਾਇਲ ਜਾਂ ਫਲੂਜੀਫੋਪ ਬੂਟਾਇਲ ਦੀ ਸਪਰੇਅ ਕਰੋ।
2) ਡੀਲਾ, ਮੋਥਾ ਅਤੇ ਘਾਹ ਨਦੀਨ:- ਪਰੋਪਾਕੁਜਿਲਾ ਫੌਪ ਇਥਾਇਲ ਦਾ ਛਿੜਕਾਅ ਕਰੋ।
3) ਚੌੜੇ ਪੱਤਿਆਂ ਵਾਲੇ ਨਦੀਨ:- ਪੈਰੀਥਾਇਓਬੈਕ ਸੋਡੀਅਮ ਦਾ ਛਿੜਕਾਅ ਕਰੋ।

ਜਦੋਂ ਨਦੀਨ ਉਗੱ ਆਉਂਦੇ ਹਨ ਓਦੋਂ ਨਦੀਨ-ਨਾਸ਼ਕ ਪ੍ਰਭਾਵਸ਼ਾਲੀ ਅਤੇ ਸਮੇਂ ਸਿਰ ਰੋਕਥਾਮ ਕਰ ਸਕਦੇ ਹਨ। ਨਦੀਨ-ਨਾਸ਼ਕ ਨਵੇਂ ਨਦੀਨਾਂ (10-15 ਦਿਨਾਂ ਤੋਂ ਘੱਟ ਉਮਰ ਦੇ) ਦਾ ਚੰਗਾ ਰੋਕਥਾਮ ਕਰਦੇ ਹਨ ਅਤੇ ਖਾਸ ਕਰਕੇ ਘਾਹ ਵਾਲੇ ਨਦੀਨਾਂ ਲਈ ਇਹ ਬਹੁਤ ਹੀ ਵਧੀਆ ਹਨ। ਘਾਹ ਵਾਲੇ ਨਦੀਨਾਂ ਲਈ ਕਿਉਜਇਲਾਫੋਪ ਇਥਾਈਲ, ਫੈਨਔਕਸਾਪਰੋਪ ਇਥਾਇਲ, ਫਲੂਜੀਫੋਪ ਬੂਟਾਇਲ ਦੀ ਪੈਰੀਥਾਇਓਬੈਕ ਸੋਡੀਅਮ ਚੌੜੇ ਪੱਤੇ ਵਾਲੇ ਨਦੀਨਾਂ ਲਈ ਅਸਰਦਾਰ ਹੈ। ਹੋਰ ਜਾਣਕਾਰੀ ਲਈ ਕਿਸਾਨ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਨਾਲ ਗੱਲ ਕਰ ਸਕਦੇ ਹਨ।

ਸੇਮ ਦੀ ਸਮੱਸਿਆਵਾਂ ਦਾ ਪ੍ਰਬੰਧ

ਕਪਾਹ-ਨਰਮਾ ਜ਼ਿਆਦਾ ਪਾਣੀ ਸਹਿਣ ਨਹੀਂ ਕਰ ਸਕਦਾ। ਦੇਸ਼ ਦੇ ਮੱਧ ਅਤੇ ਦੱਖਣ ਭਾਗ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਜ਼ਿਆਦਾ ਮੀਂਹ ਕਾਰਨ ਪਾਣੀ ਖੜਨ ਦੀ ਸਮੱਸਿਆ ਆਉਂਦੀ ਹੈ। ਕਪਾਹ-ਨਰਮਾ ਕਾਲੀ ਅਤੇ ਚੀਕਣੀ ਮਿੱਟੀ ਅਤੇ ਮਾੜੇ ਪਾਣੀ ਨਿਕਾਸ ਅਵਸਥਾਵਾਂ ਕਰਨ ਸੇਮ ਦੀ ਸਮੱਸਿਆ ਆ ਜਾਂਦੀ ਹੈ। ਮੀਂਹ ਦੇ ਜ਼ਿਆਦਾ ਪਾਣੀ ਦੇ ਨਿਕਾਸ ਲਈ ਖੇਤ ਦੀ ਢਲਾਣ ਦੇ ਨਾਲ-ਨਾਲ ਖਾਲ ਬਣਾਓ ਖਾਸ ਕਰ ਭਾਰੀਆਂ ਜ਼ਮੀਨਾਂ ਵਿੱਚ। ਮਿੱਟੀ ਵਿੱਚ ਨਮੀ ਦੀ ਸੰਭਾਲ ਲਈ ਖਾਸ ਕਰ ਜਿਥੇ ਮੀਂਹ 700-900 ਮਿਲੀਮੀਟਰ ਹੋਵੇ, ਖੇਤ ਦੀਆਂ ਵੱਟਾਂ ਤੇ ਖਾਲੀਆਂ ਨੂੰ ਦੁਬਾਰਾ ਮਿੱਟੀ ਚੜਾ ਦੇਣੀ ਚਾਹੀਦੀ ਹੈ। ਇਸ ਤਕਨੀਕ ਨਾਲ ਵੱਟਾਂ ਤੇ ਬੀਜੀ ਕਪਾਹ ਮੀਂਹ ਦੇ ਪਾਣੀ ਨੂੰ ਸੰਭਾਲ ਲੈਂਦੀ ਹੈ ਅਤੇ ਭਾਰੀਆਂ ਜ਼ਮੀਨਾਂ ਵਿੱਚ ਜ਼ਿਆਦਾ ਮੀਂਹ ਦੇ ਪਾਣੀ ਨਿਕਾਸ ਲਈ ਵੀ ਇਹ ਖਾਲੀਆਂ ਵਰਤੋਂ ਵਿੱਚ ਆਉਂਦੀਆਂ ਹਨ।

ਨਿਕਾਸ ਖਾਲ ਖੇਤ ਦੇ ਆਲੇ-ਦੁਆਲੇ ਹੋਣੇ ਚਾਹੀਦੇ ਹਨ ਤਾਂ ਜੋ ਵਾਧੂ ਪਾਣੀ ਨੂੰ ਖੇਤ ਚੋਂ ਕੱਢਿਆ ਜਾ ਸਕੇ। ਜੇ ਬਿਜਾਈ ਪੂਰੀ ਨਾ ਹੋਈ ਹੋਵੇ ਤਾਂ ਬਿਜਾਈ ਜਲਦੀ ਤੋਂ ਜਲਦੀ ਵੱਟਾਂ ਅਤੇ ਖਾਲੀਆਂ ਬਣਾ ਕੇ ਵੱਟਾਂ ਦੇ ਉਪੱਰ ਕਰਨ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ। ਇਸ ਤਰ੍ਹਾਂ ਭਾਰੀ ਮੀਂਹ ਦਾ ਫ਼ਸਲ ਤੇ ਅਸਰ ਨਹੀਂ ਹੁੰਦਾ ਕਿਉਕਿ ਖਾਲੀ ਰਾਹੀਂ ਵਾਧੂ ਪਾਣੀ ਦਾ ਨਿਕਾਸ ਹੋ ਜਾਂਦਾ ਹੈ। ਜੇਕਰ ਪਾਣੀ ਖੜਨ ਨਾਲ ਫ਼ਸਲ ਪੀਲੀ ਪੈ ਜਾਵੇ ਤਾਂ ਖਾਦ ਪਾ ਦੇਣੀ ਚਾਹੀਦੀ ਹੈ। ਜੇ ਮੀਂਹ ਹੋਣ ਦੀ ਸੰਭਾਵਨਾ ਹੋਵੇ ਤਾਂ ਖਾਦ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਕਿ ਮੀਂਹ ਦੇ

ਪਾਣੀ ਨਾਲ ਖਾਦਾਂ ਦੇ ਵਹਿ ਜਾਣ ਦਾ ਡਰ ਹੁੰਦਾ ਹੈ। ਖੇਤ ਵਿੱਚ ਪਾਣੀ ਖੜਣ ਨਾਲ ਖਰਾਬ ਹੋਏ ਬੂਟਿਆਂ ਨੂੰ ਠੀਕ ਕਰਨ ਲਈ 0.5 ਤੋਂ 1.0 ਡੀ.ਏ.ਪੀ. ਜਾਂ 19:19:19 ਦਾ ਛਿੜਕਾਅ ਹਫਤੇ-ਹਫ਼ਤੇ ਦੇ ਵਕਫ਼ੇ ਤੇ ਕਰੋ।

1। ਮੀਲੀ ਬੱਗ ਦੇ ਹਮਲੇ ਵਾਲੇ ਬੂਟਿਆਂ ਨੂੰ ਪੁੱਟ ਦਿਓ ਅਤੇ ਨਸ਼ਟ ਕਰ ਦਿਓ।
2। ਨਿੰਮ ਤੋਂ ਬਣੇ ਕੀਟਨਾਸ਼ਕ ਅਤੇ ਪ੍ਰਭਾਕਸੀ ਰਕਥਾਮ ਯ